# ਕਿਰਤ ਵਿਭਾਗ, ਪੰਜਾਬ ਸਰਕਾਰ

ਮਾਡਲ ਵੈਲਫੇਅਰ ਸੈਂਟਰ, ਲੇਬਰ ਭਵਨ, ਫੇਜ 10
ਐਸ.ਏ.ਐਸ ਨਗਰ, ( ਮੁਹਾਲੀ )

ਵਿਸ਼ਾ : ਪੰਜਾਬ ਲੇਬਰ ਵੈਲਫੇਅਰ ਬੋਰਡ ਦੀਆਂ ਸਕੀਮਾਂ ਸਬੰਧੀ ।

ਇਹ ਵੇਖਣ ਵਿੱਚ ਆਇਆ ਹੈ ਕਿ ਜਿਨ੍ਹਾਂ ਅਦਾਰਿਆਂ ਵਲੋ ਕਿਰਤੀਆਂ ਦਾ ਵੈਲਫੇਅਰ ਫੰਡ, ਪੰਜਾਬ ਲੇਬਰ ਵੈਲਫੇਅਰ ਬੋਰਡ ਵਿੱਚ ਜਮਾਂ ਕੀਤਾ ਜਾਂਦਾ ਹੈ ਉਹ ਵੈਲਫੇਅਰ ਬੋਰਡ ਵਲੋ ਦਿੱਤੀਆਂ ਜਾਦੀਆਂ ਵੱਖ-ਵੱਖ ਸਕੀਮਾਂ ਦਾ ਲਾਭ ਨਹੀ ਉਠਾਂ ਰਹੇ ਹਨ । ਇਸ ਲਈ ਆਪ ਨੂੰ ਵੈਲਫੇਅਰ ਬੋਰਡ ਵਲੋ ਬਣਾਈਆਂ ਗਈਆਂ ਸਕੀਮਾਂ ਦੇ ਵੇਰਵੇ ਨੱਥੀ ਕਰਕੇ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਵੱਧ ਤੋ ਵੱਧ ਕਿਰਤੀਆਂ ਨੂੰ ਇਹਨਾਂ ਸਕੀਮਾਂ ਦਾ ਲਾਭ ਲੈਣ ਲਈ ਜਾਣੂ ਕਰਵਾਇਆ ਜਾਵੇ ਅਤੇ ਵਿਭਾਗ ਦੀ ਵੈਬ ਸਾਈਟ ਤੇ ਅਪਲਾਈ ਕੀਤਾ ਜਾਵੇ । ਸਕੀਮਾਂ ਦੀ ਵਾਧੂ ਜਾਣਕਾਰੀ ਲਈ ਸਰਕਲ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ/ਕਿਰਤ ਇੰਸਪੈਕਟਰ ਲਾਲ ਸੰਪਰਕ ਕੀਤਾ ਜਾਵੇ ।

No:- PA/LC/194
Dated:- 14/11/2023

ਵੈਲਫੇਅਰ ਕਮਿਸ਼ਨਰ, ਪੰਜਾਬ ।

# ਕਿਰਤ ਵਿਭਾਗ, ਪੰਜਾਬ ਸਰਕਾਰ।



ਮਿਸ. ਅਨਮੋਲ ਗਗਨ ਮਾਨ,
ਮਾਨਯੋਗ ਕਿਰਤ ਮੰਤਰੀ,
ਪੰਜਾਬ



ਸ. ਭਗਵੰਤ ਸਿੰਘ ਮਾਨ,
ਮਾਨਯੋਗ ਮੁੱਖ ਮੰਤਰੀ,
ਪੰਜਾਬ

# ਪੰਜਾਬ ਲੇਬਰ ਵੈਲਫੇਅਰ ਬੋਰਡ

## ਵੱਲੋਂ ਕਿਰਤੀਆਂ ਲਈ ਸਕੀਮਾਂ ਬਣਾਈਆਂ ਗਈਆਂ ਹਨ। ਕਿਰਤੀਆਂ ਨੂੰ ਅਪੀਲ ਹੈ ਕਿ ਬੋਰਡ ਦੀ ਇਨ੍ਹਾਂ ਸਕੀਮਾਂ ਦਾ ਲਾਭ ਉਠਾਉ।

**ਲਾਭਪਾਤਰੀ ਕੌਣ ਬਣ ਸਕਦਾ ਹੈ :** ਉਹ ਕਿਰਤੀ, ਜਿਨ੍ਹਾਂ ਦੇ ਅਦਾਰਿਆਂ ਤੇ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਲਾਗੂ ਹੁੰਦਾ ਹੈ ਅਤੇ ਇਹ ਅਦਾਰੇ ਵੈਲਫੇਅਰ ਫੰਡ ਵਿਚ ਅੰਸ਼ਦਾਨ ਕਰ ਰਹੇ ਹਨ।

**ਸਕੀਮਾਂ ਦੇ ਵੇਰਵੇ:-**

1. **ਵਜੀਫਾ ਸਕੀਮ :** ਇਸ ਸਕੀਮ ਦੇ ਅਧੀਨ ਕਿਰਤੀਆਂ ਦੇ ਬੱਚਿਆ ਨੂੰ ਸਾਲਾਨਾ ਵਜੀਫਾ ਪਹਿਲੀ ਜਮਾਤ ਤੋਂ ਉੱਚ ਸਿਖਿਆ ਤੱਕ 2000/- ਰੁਪਏ ਤੋਂ 70,000/- ਰੁਪਏ ਤੱਕ ਦਿਤਾ ਜਾਂਦਾ ਹੈ।
2. **ਸ਼ਗਨ ਸਕੀਮ :** ਕਿਰਤੀ ਦੀ ਲੜਕੀ ਦੇ ਵਿਆਹ ਲਈ ਸ਼ਗਨ ਸਕੀਮ ਵਜੋਂ 31000/-ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ।
3. **ਐਕਸਗ੍ਰੇਸ਼ੀਆ ਸਕੀਮ :**

| ਲੜੀ ਨੰ | | ਹਾਦਸੇ ਦੀ ਕਿਸਮ | ਐਕਸਗਰੇਸ਼ੀਆ ਰਕਮ |
|---|---|---|---|
| I. | ੳ) | ਦੁਰਘਟਨਾ ਵਿੱਚ ਮੌਤ (Accidental Death) ਵਜੋਂ ਦਿੱਤੀ ਜਾਣ ਵਾਲੀ ਰਕਮ | 2,00,000/- ਰੁਪਏ |
| | ਅ) | ਕੁਦਰਤੀ ਮੌਤ ਵਜੋਂ (Natural Death) ਵਜੋਂ ਦਿੱਤੀ ਜਾਣ ਵਾਲੀ ਰਕਮ | 1,50,000/- ਰੁਪਏ |
| II. | | ਅਪੰਗਤਾ ਦੀ ਸੂਰਤ ਵਿੱਚ | |
| | ੳ) | ਪੂਰਨ (100%) ਅਪੰਗਤਾ ਕਾਰਨ ਦਿੱਤੀ ਜਾਣ ਵਾਲੀ ਰਕਮ | 2,00,000/- ਰੁਪਏ |
| | ਅ) | ਅੰਸ਼ਿਕ ਅਪੰਗਤਾ ਦੀ ਸੂਰਤ ਵਿੱਚ ਦਿੱਤੀ ਜਾਣ ਵਾਲੀ ਰਕਮ | ਹਰੇਕ 1% ਅਪੰਗਤਾ ਲਈ 2,000/- ਰੁਪਏ |

4. 1) **ਖਤਰਨਾਕ ਬਿਮਾਰੀ ਦੇ ਇਲਾਜ ਲਈ:** ਕਿਰਤੀ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਾਸਤੇ ਖਤਰਨਾਕ ਬਿਮਾਰੀਆਂ ਦੇ ਇਲਾਜ ਦੇ ਖਰਚੇ ਸੰਬੰਧੀ 1,00,000/- ਰੁਪਏ ਜਾਂ ਅਸਲ ਖਰਚ ਜੋ ਵੀ ਘੱਟ ਹੋਵੇ ਮਿਲਣਯੋਗ ਹੈ।

   2) **ਜਨਰਲ ਸਰਜਰੀ :** ਕਿਰਤੀਆਂ ਅਤੇ ਆਸ਼ਰਿਤਾਂ ਲਈ ਜਨਰਲ ਸਰਜਰੀ ਲਈ 20,000/- ਰੁਪਏ ਜਾਂ ਅਸਲ ਖਰਚ ਦੋਵਾਂ ਵਿਚੋਂ ਜੋ ਵੀ ਘੱਟ ਹੋਵੇ ਦੀ ਵਿੱਤੀ ਸਹਾਇਤਾ ਦਿਤੀ ਜਾਂਦੀ ਹੈ।
5. **ਐਨਕਾ, ਦੰਦ ਅਤੇ ਸੁਣਨ ਯੰਤਰ:** ਕਿਰਤੀਆਂ ਅਤੇ ਪਰਿਵਾਰਕ ਮੈਂਬਰਾਂ ਲਈ ਐਨਕਾ, ਦੰਦ ਅਤੇ ਸੁਣਨ ਯੰਤਰ ਲਗਵਾਉਣ ਲਈ ਹੇਠ ਅਨੁਸਾਰ ਦਰਸਾਈ ਰਕਮ ਜਾਂ ਅਸਲ ਖਰਚ ਦੋਨੋ ਵਿਚੋਂ ਜੋ ਵੀ ਘੱਟ ਹੋਵੇ ਵਿੱਤੀ ਸਹਾਇਤਾ ਦਿਤੀ ਜਾਂਦੀ ਹੈ।

| ਲੜੀ ਨੰ | ਵਸਤੂ ਦਾ ਨਾਮ | ਦੇਣ ਯੋਗ ਰਕਮ |
|---|---|---|
| ੳ) | ਐਨਕ (ਨਜ਼ਰ ਦੇ ਚਸ਼ਮੇ) | 800/- ਰੁਪਏ |
| ਅ) | ਦੰਦ ਲਗਾਉਣ ਵਾਸਤੇ | 5,000/- ਰੁਪਏ |
| ੲ) | ਸੁਣਨ ਯੰਤਰ ਵਾਸਤੇ | 6,000/- ਰੁਪਏ |

6. **ਯਾਤਰਾ ਭੱਤਾ(ਐਲ.ਟੀ.ਸੀ.):** ਕਿਰਤੀਆਂ ਨੂੰ ਭਾਰਤ ਵਿਚ ਸਥਿਤ ਧਾਰਮਿਕ/ਇਤਿਹਾਸਿਕ ਸਥਾਨਾ ਦੀ ਯਾਤਰਾ ਲਈ ਜਾਂ ਘਰ ਜਾਣ ਲਈ ਦੋ ਸਾਲਾਂ ਵਿੱਚ ਇਕ ਵਾਰ ਯਾਤਰਾ ਭੱਤਾ 2000/- ਰੁਪਏ ਦਿੱਤਾ ਜਾਂਦਾ ਹੈ।
7. **ਦਾਹ ਸੰਸਕਾਰ :** ਕਿਰਤੀ ਦੇ ਪਰਿਵਾਰਕ ਮੈਂਬਰਾਂ ਦੀ ਮੌਤ ਹੋਣ ਤੇ ਦਾਹ ਸੰਸਕਾਰ ਲਈ 20,000/- ਰੁਪਏ ਦੀ ਵਿੱਤੀ ਸਹਾਇਤਾ ਦਿਤੀ ਜਾਂਦੀ ਹੈ।
8. **ਮਾਨਸਿਕ ਰੋਗ ਜਾਂ ਅਪੰਗਤਾ ਗ੍ਰਸਤ ਬੱਚਿਆਂ ਲਈ ਸਕੀਮ:** ਕਿਰਤੀਆਂ ਦੇ ਮਾਨਸਿਕ ਰੋਗ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆਂ ਦੀ ਸਾਂਭ ਸੰਭਾਲ ਵਾਸਤੇ 20,000/- ਰੁਪਏ ਸਾਲਾਨਾ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।
9. **ਪ੍ਰਸੂਤਾ ਲਾਭ ਸਕੀਮ:** ਇਸਤ੍ਰੀ ਕਿਰਤੀ ਨੂੰ ਬੱਚੇ ਦੇ ਜਨਮ ਤੇ 21,000/- ਰੁਪਏ ਦਾ ਪ੍ਰਸੂਤਾ ਲਾਭ ਦਿੱਤਾ ਜਾਂਦਾ ਹੈ।